ਆਕਾਸ਼ਵਾਣੀ ਚੰਡੀਗੜ੍ਹ
ਪ੍ਰਾਦੇਸ਼ਿਕ ਖ਼ਬਰਾਂ, ਪੰਜਾਬੀ
ਮਿਤੀ 21-08-2017,1820 ਵਜੇ ਸ਼ਾਮ
ਮੁੱਖ ਖ਼ਬਰਾਂ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ 'ਚ ਖੇਤੀ ਨਾਲ ਸਬੰਧਤ 2 ਸਕੀਮਾਂ, ਭੂਮੀ ਸਿਹਤ ਕਾਰਡ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦਾ ਜਾਇਜ਼ਾ ਲਿਆ।

- ਪ੍ਰਧਾਨ ਮੰਤਰੀ ਨੇ ਦਸਿਆ ਕਿ ਪਿਛਲੇ ਸਾਉਣੀ ਅਤੇ ਹਾੜ੍ਹੀ ਸੀਜਨਾਂ ਵਿਚ ਦੇਸ਼ ਦੇ 90 ਲੱਖ ਤੋਂ ਵੱਧ ਕਿਸਾਨਾਂ ਨੂੰ 77 ਅਰਬ ਰੁਪਏ ਦਾ ਬੀਮਾ ਦਿੱਤਾ ਗਿਐ।

- ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਢਾ ਨੇ ਅੱਜ ਸ਼ਿਮਲਾ ਤੋਂ ਇਕ ਵੀਡੀਓ ਕਾਨਫਰੈਂਸਿੰਗ ਰਾਹੀਂ ਫਰੀਦਕੋਟ 'ਚ ਪੰਜਾਬ ਦੇ ਪਹਿਲੇ ਅਮ੍ਰਿਤ ਮੈਡੀਕਲ ਸਟੋਰ ਦਾ ਉਦਘਾਟਨ ਕੀਤਾ।

- ਪੰਜਾਬ ਸਰਕਾਰ ਨੇ ਘਰ ਘਰ ਰੋਜ਼ਗਾਰ ਦੇਣ ਲਈ ਅੱਜ ਘੜੂੰਆ ਤੋਂ ਮੈਗਾ ਜਾਬ ਮੇਲਿਆਂ ਦੀ ਸ਼ੁਰੂਆਤ ਕੀਤੀ ਏ। ਇਹ ਮੇਲੇ 31 ਅਗਸਤ ਤੱਕ ਸੂਬੇ ਦੇ 21 ਸ਼ਹਿਰਾਂ 'ਚ ਲੱਗਣਗੇ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ 'ਚ ਖੇਤੀਬਾੜੀ ਖੇਤਰ ਨਾਲ ਸਬੰਧਤ 2 ਸਕੀਮਾਂ, ਭੂਮੀ ਸਿਹਤ ਕਾਰਡ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦਾ ਜਾਇਜ਼ਾ ਲਿਆ।

ਇਸ ਮੌਕੇ ਸ੍ਰੀ ਮੋਦੀ ਨੇ ਕਿਹਾ ਕਿ ਸੈਂਪਲਿੰਗ ਗਰਿਡ ਅਤੇ ਵੱਖ ਵੱਖ ਮਿੱਟੀ ਪਰਖ ਪ੍ਰਯੋਗ ਸ਼ਾਲਾਵਾਂ ਵਿਚ ਭਿੰਨਤਾ ਲਈ ਢੁਕਵੀਂ ਪੜਤਾਲ ਹੋਣੀ ਚਾਹੀਦੀ ਏ, ਇਸ ਨਾਲ ਮਿਆਰੀ ਰਿਪੋਰਟਾਂ ਹਾਸਲ ਕਰਨ 'ਚ ਮਦਦ ਮਿਲੇਗੀ। ਪ੍ਰਧਾਨ ਮੰਤਰੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਿਹਤ ਕਾਰਡ ਸਥਾਨਕ ਬੋਲੀਆਂ ਵਿਚ ਛਾਪੇ ਜਾਣੇ ਚਾਹੀਦੇ ਨੇ ਤਾਂ ਜੋ ਕਿਸਾਨਾਂ ਇਨ੍ਹਾਂ ਨੂੰ ਆਸਾਨੀ ਨਾਲ ਪੜ੍ਹ ਸਕਣ ਅਤੇ ਸਮਝ ਸਕਣ। ਨਵੀਨਤਮ ਤਕਨਾਲੋਜੀ ਦੀ ਤੇਜ਼ੀ ਨਾਲ ਵਰਤੋਂ ਨੂੰ ਉਤਸ਼ਾਹਿਤ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਮਿੱਟੀ ਦੀ ਪਰਖ ਹੱਥ ਨਾਲ ਚੱਲਣ ਵਾਲੇ ਯੰਤਰਾਂ ਨਾਲ ਹੋਣੀ ਚਾਹੀਦੀ ਏ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਇਸ ਕਾਰਜ ਵਿਚ ਸਟਾਰਟ ਅਪਸ ਅਤੇ ਉੱਦਮੀਆ ਦੀ ਸ਼ਮੂਲੀਅਤ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਜਾਏ।

ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਬਾਰੇ ਪ੍ਰਧਾਨ ਮੰਤਰੀ ਨੇ ਦਸਿਆ ਕਿ 2016 ਦੇ ਸਾਉਣੀ ਸੀਜਨ ਅਤੇ 2016-17 ਦੀ ਹਾੜ੍ਹੀ ਦੀ ਰੁੱਤ ਵਿਚ 77 ਅਰਬ ਰੁਪਏ ਬੀਮੇ ਦੇ ਅਦਾ ਕੀਤੇ ਜਾ ਚੁੱਕੇ ਨੇ ਅਤੇ ਇਸ ਨਾਲ 90 ਲੱਖ ਤੋਂ ਵੱਧ ਕਿਸਾਨਾਂ ਨੂੰ ਫਾਇਦਾ ਹੋਇਐ। ਇਸ ਜਾਇਜ਼ਾ ਮੀਟਿੰਗ ਵਿਚ ਖੇਤੀਬਾੜੀ ਮੰਤਰਾਲੇ, ਨੀਤੀ ਆਯੋਗ ਅਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੇ ਹਿੱਸਾ ਲਿਆ।

*****************************************************************

ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜਗਤ ਪ੍ਰਕਾਸ਼ ਨੱਢਾ ਨੇ ਅੱਜ ਸ਼ਿਮਲਾ ਤੋਂ ਵੀਡੀਓ ਕਾਨਫਰੈਂਸਿੰਗ ਰਾਹੀਂ ਪੰਜਾਬ ਦੇ ਪਹਿਲੇ ਅਮ੍ਰਿਤ ਸਟੋਰ ਦਾ ਉਦਘਾਟਨ ਕੀਤਾ। ਕੇਂਦਰ ਸਰਕਾਰ ਦੇ ਅੰਮ੍ਰਿਤ ਦੀਨਦਿਆਲ

ਪ੍ਰੋਗਰਾਮ ਤਹਿਤ ਅੱਜ ਸ਼ਿਮਲਾ ਤੋਂ ਪੰਜਾਬ ਸਮੇਤ ਆਸਾਮ ਅਤੇ ਉਤਰ ਪ੍ਰਦੇਸ਼ 'ਚ 15 ਦੁਕਾਨਾਂ ਦਾ ਉਦਘਾਟਨ ਕੀਤਾ। ਪੰਜਾਬ ਅੰਮ੍ਰਿਤ ਸਟੋਰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਵਿਚ ਖੋਲ੍ਹਿਆ ਗਿਐ ਜਿੱਥੇ 5000 ਤੋਂ ਵੱਧ ਦਵਾਈਆ ਮਿਲਣਗੀਆਂ। ਏਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਨੱਢਾ ਨੇ ਕਿਹਾ ਕਿ ਇਨ੍ਹਾਂ ਦਵਾਈਆਂ ਤੇ 50 ਤੋਂ 90 ਫ਼ੀ ਸਦੀ ਤੱਕ ਛੋਟ ਮਿਲੇਗੀ ਅਤੇ ਇਨ੍ਹਾਂ ਵਿਚ ਜ਼ਿਆਦਾਤਰ ਦਵਾਈਆਂ ਦਿਲ ਦੀਆਂ ਬੀਮਾਰੀਆਂ ਅਤੇ ਕੈਂਸਰ ਨਾਲ ਸਬੰਧਤ ਹੋਣਗੀਆਂ।

ਉਨ੍ਹਾਂ ਦਸਿਆ ਕਿ ਕੇਂਦਰ ਨੇ ਇਹ ਫਲੈਗਸ਼ਿਪ ਸਕੀਮ 2015 'ਚ ਸ਼ੁਰੂ ਕੀਤੀ ਸੀ ਅਤੇ ਹੁਣ ਤੱਕ ਅਜਿਹੇ 100 ਅੰਮ੍ਰਿਤ ਸਟੋਰ ਖੋਲ੍ਹੇ ਜਾ ਚੁੱਕੇ ਨੇ।

*****************************************************************

ਪੱਛਮੀ ਸੈਕਟਰ ਦੀ ਸ਼ਾਰਮ ਸ਼ੁਟਰ ਰੈਜੀਮੈਂਟ ਨੇ ਪਠਾਨਕੋਟ ਤੋਂ ਸਮਿਤੀ ਵਾਦੀ ਤੱਕ ਟਰੈਕਿੰਗ ਮੁਹਿੰਮ ਸ਼ੁਰੂ ਕੀਤੀ ਏ। ਏਸ ਮੁਹਿੰਮ ਤੇ ਜਾ ਰਹੀ ਟਰੈਕਿੰਗ ਟੀਮ ਨੂੰ ਅੱਜ ਰਾਈਜਿੰਗ ਸਟਾਰ ਬਰਿਗੇਡ ਦੇ ਕਮਾਂਡਰ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਟਰੇਕਿੰਗ ਟੀਮ ਦੀ ਅਗਵਾਈ ਕੈਪਟਨ ਸ਼ਾਂਤਨੂੰ ਕੌਸ਼ਿਕ ਕਰ ਰਹੇ ਨੇ ਅਤੇ ਇਸ ਟੀਮ ਵਿਚ ਫੌਜ ਦੇ ਅਧਿਕਾਰੀ, ਜੂਨੀਅਰ ਕਮਿਸ਼ਨਰ ਅਫਸਰ ਅਤੇ ਜਵਾਨ ਹਿੱਸਾ ਲੈ ਰਹੇ ਨੇ। ਇਹ ਟਰੈਕਿੰਗ ਟੀਮ 10 ਦਿਨਾਂ ਵਿਚ ਕੈਤੋ ਤੋਂ ਪੂਹ ਤੱਕ ਜਾਏਗੀ ਅਤੇ 15,500 ਫੁੱਟ ਦੀ ਉਚਾਈ ਤੇ ਟਰੈਕਿੰਗ ਕਰੇਗੀ। ਫੌਜ ਦੇ ਇਹ ਜਵਾਨ ਅਤੇ ਅਫਸਰ ਇਨ੍ਹਾਂ ਦਸ ਦਿਨਾਂ ਵਿਚ ਦੂਰ ਦਰਾਜ ਦੇ ਪਹਾੜੀ ਇਲਾਕਿਆਂ 'ਚ ਰਹਿੰਦੇ ਲੋਕਾਂ ਨੂੰ ਮਿਲਣਗੇ ਅਤੇ 'ਜਿੱਤਣ ਲਈ ਇੱਛਾ ਪੈਦਾ ਕਰੋ' ਦਾ ਸੁਨੇਹਾ ਦੇਣਗੇ। ਇਹ ਟੀਮ ਆਪਣੀ ਟਰੈਕਿੰਗ ਦੌਰਾਨ ਪਹਾੜੀ ਖੇਤਰਾਂ ਦੇ ਜੰਗਲੀ ਜੀਵਨ ਅਤੇ ਜੜੀਆਂ ਬੂਟੀਆਂ ਬਾਰੇ ਵੀ ਜਾਣਕਾਰੀ ਇੱਕਤਰ ਕਰਨਗੇ।

*****************************************************************

ਆਕਾਸ਼ਵਾਣੀ ਦੇ ਸਮਾਚਾਰ ਸੇਵਾ ਵਿਭਾਗ ਦੇ ਅੱਜ ਪ੍ਰਸਾਰਿਤ ਹੋਣ ਵਾਲੇ ਹਫ਼ਤਾਵਾਰੀ ਪ੍ਰੋਗਰਾਮ ਪਬਲਿਕ ਸਪੀਕ ਦਾ ਵਿਸ਼ਾ ਏ- ਰੋਗ ਵਾਹਕ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ਼।

ਇਹ ਪ੍ਰੋਗਰਾਮ ਐਫ਼ ਐਮ ਗੋਲਡ ਚੈਨਲ ਅਤੇ ਹੋਰਨਾਂ ਮੀਟਰਾਂ ਤੋਂ ਰਾਤ ਸਾਢੇ ਨੌਂ ਵਜੇ ਸੁਣਿਆ ਜਾ ਸਕਦੈ।

ਸਰੋਤੇ ਸਾਡੇ ਸਟੂਡੀਓ 'ਚ ਮੌਜੂਦ ਮਾਹਿਰਾਂ ਤੋਂ ਟੋਲ ਫਰੀ ਨੰਬਰ 1800-11-5767 'ਤੇ ਸੁਆਲ ਪੁੱਛ ਸਕਦੇ ਨੇ।

*****************************************************************

ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਸਕੱਤਰ ਅਨੁਰਾਗ ਵਰਮਾ ਦੀ ਹਦਾਇਤ 'ਤੇ ਅੱਜ ਵੱਖ-ਵੱਖ ਜ਼ਿਲਿਆਂ ਵਿਚ ਵਿਭਾਗ ਦੀਆਂ ਪੇਂਡੂ ਡਿਸਪੈਂਸਰੀਆਂ 'ਚ ਅਚਨਚੇਤੀ ਛਾਪੇ ਮਾਰੇ ਗਏ। ਇਨਾਂ ਛਾਪਿਆਂ ਦੌਰਾਨ ਜ਼ਿਲਾ ਸੰਗਰੂਰ ਵਿੱਚ ਇੱਕ ਰੂਰਲ ਮੈਡੀਕਲ ਅਫ਼ਸਰ, ਤਰਨਤਾਰਨ ਵਿੱਚ ਇੱਕ ਡਾਕਟਰ, ਹੁਸ਼ਿਆਰਪੁਰ ਵਿੱਚ 4 ਡਾਕਟਰ ਅਤੇ ਜਲੰਧਰ ਵਿੱਚ ਇੱਕ ਡਾਕਟਰ ਅਤੇ ਫ਼ਾਰਮਾਸਿਸਟ ਗ਼ੈਰਹਾਜ਼ਰ ਪਾਏ ਗਏ। ਇਸ ਤੋਂ ਇਲਾਵਾ ਫਤਿਹਗੜ੍ਹ ਸਾਹਿਬ ਇੱਕ ਡਾਕਟਰ, ਬਰਨਾਲਾ ਵਿੱਚ ਇੱਕ ਡਾਕਟਰ, ਇੱਕ ਫ਼ਾਰਮਾਸਿਸਟ, ਰੋਪੜ ਵਿੱਚ ਤਿੰਨ ਡਾਕਟਰ ਅਤੇ ਇੱਕ ਫ਼ਾਰਮਾਸਿਸਟ ਗ਼ੈਰ ਹਾਜ਼ਰ ਪਾਏ ਗਏ। ਸਭ ਤੋਂ ਵੱਧ ਲੁਧਿਆਣਾ ਵਿੱਚ 10 ਰੂਰਲ ਮੈਡੀਕਲ ਡਾਕਟਰ ਤੇ 14 ਫ਼ਾਰਮਾਸਿਸਟ ਗ਼ੈਰ ਹਾਜ਼ਰ ਪਾਏ ਗਏ। ਉਨ੍ਹਾਂ ਦੱਸਿਆ ਕਿ ਕਈ ਹੋਰ ਜ਼ਿਲ੍ਹਿਆਂ ਵਿੱਚ ਵੀ ਅਚਨਚੇਤੀ ਚੈਕਿੰਗ ਕੀਤੀ ਗਈ ਏ।

ਅਨੁਰਾਗ ਵਰਮਾ ਨੇ ਕਿਹਾ ਕਿ ਜਿਹੜੇ ਅਧਿਕਾਰੀ ਜਾਂ ਕਰਮਚਾਰੀ ਗ਼ੈਰਹਾਜ਼ਰ ਪਾਏ ਗਏ ਨੇ, ਉਨਾਂ ਦੀ ਜਵਾਬ ਤਲਬੀ ਕੀਤੀ ਜਾਵੇਗੀ। ਸ੍ਰੀ ਵਰਮਾ ਨੇ ਕਿਹਾ ਹੈ ਕਿ ਆਪਣੇ ਕੰਮ ਵਿੱਚ ਕੋਤਾਹੀ ਕਰਨ ਵਾਲੇ ਕਿਸੇ ਵੀ

ਅਧਿਕਾਰੀ ਜਾਂ ਕਰਮਚਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਅਚਨਚੇਤੀ ਚੈਕਿੰਗ ਦਾ ਮੰਤਵ ਪਿੰਡਾਂ ਵਿੱਚ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ।

****************************************************************

ਪੰਜਾਬ ਸਰਕਾਰ ਨੇ, ਸੂਬੇ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਅਤੇ ਘਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਪੂਰਾ ਕਰਨ ਲਈ ਅੱਜ ਘੜੂੰਆਂ 'ਚ ਇਕ ਪ੍ਰਾਈਵੇਟ ਯੂਨੀਵਰਸਿਟੀ ਤੋਂ ਮੈਗਾ ਜਬ ਮੇਲੇ ਦੀ ਸ਼ੁਰੂਆਤ ਕੀਤੀ ਏ।

ਏਸ ਮੇਲੇ ਦਾ ਉਦਘਾਟਨ ਕਰਦਿਆਂ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅੱਜ ਤੋਂ 31 ਅਗਸਤ ਤੱਕ ਪੂਰੇ ਪੰਜਾਬ 'ਚ 21 ਥਾਵਾਂ ਤੇ ਅਜਿਹੇ ਜਾਬ ਮੇਲੇ ਲਗਾਏ ਜਾਣਗੇ।

ਸ੍ਰੀ ਚੰਨੀ ਨੇ ਦਸਿਆ ਕਿ ਹਰ ਘਰ ਨੌਕਰੀ ਸਕੀਮ ਤਹਿਤ ਸੂਬੇ ਦੇ 4 ਲੱਖ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਨੇ ਅਤੇ ਇਨ੍ਹਾਂ ਰੁਜ਼ਗਾਰ ਮੇਲਿਆਂ ਵਿਚ ਦੇਸ਼ ਵਿਦੇਸ਼ ਦੀਆਂ 900 ਕੰਪਨੀਆ ਆ ਰਹੀਆਂ ਨੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਆਲਮੀ ਪੱਧਰ 'ਤੇ ਮਨੁੱਖੀ ਵਸੀਲਿਆਂ ਦੀ ਮੰਗ ਦਾ ਖਿਆਲ ਕਰਦਿਆਂ ਤਕਨੀਕੀ ਸਿੱਖਿਆ ਸੰਸਥਾਵਾਂ ਦਾ ਸਿਲੇਬਸ ਤਿਆਰ ਕੀਤਾ ਜਾਏਗਾ ਅਤੇ ਸਿੱਖਿਆ ਵਿਚ ਮਿਆਰੀ ਸੁਧਾਰ ਲਿਆਂਦੇ ਜਾਣਗੇ।

ਰੋਜ਼ਗਾਰ ਮੇਲਿਆਂ ਦੀ ਲੜੀ ਵਿਚ ਕੱਲ੍ਹ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਰੈਲ ਮਾਜਰਾ ਵਿਚ ਰਿਆਤ ਐਂਡ ਬਾਹਰਾ ਕਾਲਿਜ ਵਿਚ ਜਾਬ ਮੇਲਾ ਸਵੇਰੇ 9 ਵਜੇ ਸ਼ੁਰੂ ਹੋਵੇਗਾ।

ਡਿਪਟੀ ਕਮਿਸ਼ਨਰ ਸੋਨਲੀ ਗਿਰੀ ਨੇ ਦਸਿਆ ਕਿ ਇਸ ਮੇਲੇ ਵਿਚ ਕੋਈ 2000 ਡਿਪਲੋਮਾ ਹੋਲਡਰ ਵਿਦਿਆਰਥੀਆਂ ਦੇ ਪਹੁੰਚਣ ਦੀ ਸੰਭਾਵਨਾ ਏ। ਇਸ ਵਿਚ 55 ਕੰਪਨੀਆਂ ਦੇ ਅਧਿਕਾਰੀ ਹਿੱਸਾ ਲੈਣਗੇ।

****************************************************************

ਅੱਜ ਜਲੰਧਰ 'ਚ ਲਗਾਏ ਗਏ ਜਾਬ ਮੇਲੇ 'ਚ ਵੱਖ ਵੱਖ ਕੰਪਨੀਆਂ ਨੇ ਸਨੱਅਤੀ ਸਿਖਲਾਈ ਸੰਸਥਾਵਾਂ ਅਤੇ ਪਾਲੀਟੈਕਨਿਕ ਕਾਲਿਜਾਂ ਤੋਂ ਸਿਖਲਾਈ ਯਾਫ਼ਤਾ 350 ਵਿਦਿਆਰਥੀਆਂ ਦੇ ਨਾਵਾਂ ਦੀ ਚੋਣ ਕੀਤੀ ਗਈ ਏ।

ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਦਸਿਆ ਕਿ ਜਲੰਧਰ ਦੇ ਸੀ ਟੀ ਕਾਲਿਜ 'ਚ ਲੱਗੇ ਇਸ ਮੇਲੇ 'ਚ ਅੱਜ ਪਹਿਲੇ ਦਿਨ ਕੋਈ 700 ਵਿਦਿਆਰਥੀਆਂ ਨੇ ਇੰਟਰਵਿਊ ਦਿੱਤੀ।

****************************************************************

ਮਲੇਰਕੋਟਲਾ 'ਚ ਕੱਲ੍ਹ ਤਿੰਨ ਥਾਵਾਂ ਤੇ ਧਾਰਮਿਕ ਗਰੰਥ ਦੀ ਬੇਅਦਬੀ ਮਗਰੋਂ, ਸਥਿਤੀ ਦਾ ਖਿਆਲ ਕਰਦਿਆਂ ਅੱਜ ਸੁਰੱਖਿਆ ਦਸਤਿਆਂ ਨੇ ਸ਼ਹਿਰ 'ਚ ਗਸ਼ਤ ਵਧਾ ਦਿੱਤੀ ਏ। ਪੰਜਾਬ ਦੇ ਲੋਕ ਨਿਰਮਾਣ ਮੰਤਰੀ ਅਤੇ ਮਲੇਰਕੋਟਲਾ ਤੋਂ ਵਿਧਾਇਕਾ ਮੋਤਰਮਾ ਰਜ਼ੀਆ ਸੁਲਤਾਨਾ ਅੱਜ ਸ਼ਹਿਰ 'ਚ ਆਮ ਲੋਕਾਂ ਨੂੰ ਮਿਲਦੇ ਰਹੇ ਅਤੇ ਉਨ੍ਹਾਂ ਨੇ ਅਮਨ ਅਮਾਨ ਬਣਾਏ ਰੱਖਣ ਦੀ ਅਪੀਲ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਮਨ ਕਮੇਟੀ ਦੀ ਮੀਟਿੰਗ ਕੀਤੀ ਗਈ ਜਿਸ ਵਿਚ ਵੱਖ ਵੱਖ ਫ਼ਿਰਕਿਆ ਦੇ ਆਗੂਆਂ ਅਤੇ ਹੋਰ ਪਤਵੰਤਿਆਂ ਨੇ ਹਿੱਸਾ ਲਿਆ। ਡਿਪਟੀ ਕਮਿਸ਼ਨਰ ਅਮਰ ਪ੍ਰਤਾਪ ਸਿੰਘ ਵਿਰਕ ਅਤੇ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੇ ਸ਼ਹਿਰ ਦਾ ਦੌਰਾ ਕੀਤਾ ਅਤੇ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦਸਿਆ ਕਿ ਦੋਸ਼ੀਆਂ ਦੀ ਭਾਲ ਲਈ ਪੁਲਿਸ ਦੀਆਂ ਟੀਮਾਂ ਤਿਆਰ ਕੀਤੀਆਂ ਗਈਆਂ ਨੇ ਅਤੇ ਛੇਤੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਏਗਾ।

****************************************************************

ਅੱਜ ਚੰਡੀਗੜ੍ਹ, ਪੰਚਕੂਲਾ ਤੇ ਮੋਹਾਲੀ ਵਿਚ ਬਹੁਤ ਭਾਰੀ ਮੀਂਹ ਪਿਆ ਜਿਸ ਕਾਰਨ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਮੀਂਹ ਕਾਰਨ ਕਈ ਥਾਈਂ ਹੜ੍ਹ ਵਰਗੀ ਹਾਲਤ ਬਣ ਗਈ ਅਤੇ ਨੀਵੇਂ ਇਲਾਕਿਆਂ 'ਚ ਪਾਣੀ ਭਰ ਗਿਆ। ਸ਼ਹਿਰ ਦੀਆਂ ਸੜਕਾਂ, ਨਹਿਰਾਂ ਵਿਚ ਤਬਦੀਲ ਹੋ ਗਿਆ ਜਿਸ ਕਾਰਨ ਕਈ ਘੰਟੇ ਸੜਕਾਂ ਤੇ ਆਵਾਜਾਈ ਰੁਕੀ ਰਹੀ ਅਤ ਕਾਰਾਂ ਦੇ ਅੰਦਰ ਵੀ ਪਾਣੀ ਚਲਾ ਗਿਆ।

ਮੌਸਮ ਵਿਗਿਆਨ ਵਿਭਾਗ ਅਨੁਸਾਰ ਕੇਂਦਰੀ ਪ੍ਰਬੰਧਤ ਪ੍ਰਦੇਸ਼ ਚੰਡੀਗੜ੍ਹ 'ਚ 115 ਮਿਲੀਮੀਟਰ ਵਰਖਾ ਰਿਕਾਰਡ ਕੀਤੀ ਗਈ। ਸ਼ਹਿਰ 'ਚ ਸਵੇਰੇ ਸਾਢੇ 8 ਵਜੇ ਤੋਂ ਢਾਈ ਵਜੇ ਮੀਂਹ ਪੈਂਦਾ ਰਿਹਾ।

ਮੀਂਹ ਕਾਰਨ ਚੰਡੀਗੜ੍ਹ ਤੋਂ ਇਲਾਵਾ ਜ਼ੀਰਕਪੁਰ ਅਤੇ ਡੇਰਾ ਬਸੀ 'ਚ ਟਰੈਫਿਕ ਜਾਮ ਰਿਹਾ। ਮੀਂਹ ਕਾਰਨ ਮੋਹਾਲੀ ਦੀ ਏਅਰਪੋਰਟ ਰੋਡ ਦਾ 200 ਫੁੱਟ ਹਿੱਸਾ ਟੁੱਟ ਗਿਆ ਜਿਸ ਕਾਰਨ ਆਵਾਜਾਈ ਰੁਕੀ ਰਹੀ। ਸ਼ਹਿਰ ਦਾ ਡਰੇਨੇਜ ਸਿਸਟਮ ਬੰਦ ਹੋਣ ਕਾਰਨ ਕਈ ਥਾਈਂ ਪਾਣੀ ਭਰ ਗਿਆ ਅਤੇ ਸਕੂਟਰ, ਮੋਟਰ ਸਾਈਕਲ ਸੁਆਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

*****************************************************************

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 413ਵੇਂ ਪ੍ਰਕਾਸ਼ ਪੁਰਬ ਮੌਕੇ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਨੂੰ ਵਧਾਈ ਦਿੱਤੀ ਏ।

ਪ੍ਰਕਾਸ਼ ਪੁਰਬ ਦੇ ਮੌਕੇ ਆਪਣੇ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਕ ਗਿਆਨ, ਮਾਨਵੀ ਕਦਰਾਂ ਕੀਮਤਾਂ ਅਤੇ ਵਿਸ਼ਵ ਵਿਆਪੀ ਭਾਈਚਾਰੇ ਦੀ ਬੁਨਿਆਦ ਏ। ਉਨ੍ਹਾਂ ਨੇ ਲੋਕਾਂ ਨੂੰ ਵਿਸ਼ਵ ਭਰ ਵਿੱਚ ਸ਼ਾਂਤੀ, ਸਦਭਾਵਨਾ, ਪਿਆਰ, ਭਾਈਚਾਰੇ, ਸਹਿਣਸ਼ੀਲਤਾ, ਮਾਨਵਤਾ ਅਤੇ ਬਰਾਬਰੀ ਲਈ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਅਪੀਲ ਕੀਤੀ ਏ।

*****************************************************************

ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਕਿਹੈ ਕਿ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਇਸਤਰੀ ਸ਼ਕਤੀਕਰਨ ਬਹੁਤ ਜ਼ਰੂਰੀ ਏ। ਉਨ੍ਹਾਂ ਕਿਹਾ ਇਸ ਨਾਲ ਦੇਸ਼ ਦੀ ਕਿਸਮਤ ਬਦਲ ਜਾਏਗੀ।

ਅਲਫ਼ਾ ਮਹਿੰਦਰੂ ਫਾਊਂਡੇਸ਼ਨ ਵੱਲੋਂ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਿਜ ਵਿਚ 'ਲਾਡੋ ਧੀ' ਵਿਸ਼ੇ ਉਪਰ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਰਮਾ ਨੇ ਕਿਹਾ ਕਿ ਔਰਤਾਂ ਦੇ ਸ਼ਕਤੀਕਰਨ ਦੇ ਮਾਮਲੇ 'ਚ ਦੇਸ਼ ਸ਼ਹੀ ਦਿਸ਼ਾ ਵੱਲ ਵਧ ਰਿਹੈ।

*****************************************************************

ਦੇਸ਼ ਅਤੇ ਵਿਦੇਸ਼ਾਂ ਵਿੱਚ ਬੇਹੱਦ ਪ੍ਰਸਿੱਧੀ ਖੱਟਣ ਵਾਲਾ ਅੰਤਰਰਾਜੀ 'ਸਰਸ ਮੇਲਾ' ਇੱਕ ਵਾਰ ਫਿਰ ਸ਼ਹਿਰ ਲੁਧਿਆਣਾ ਵਿਖੇ ਲਗਾਇਆ ਜਾ ਰਿਹੈ। ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਨੇ ਕਿਹਾ ਕਿ ਇਸ ਵਾਰ ਇਹ ਮੇਲਾ ਸਥਾਨਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਸ਼ਾਲ ਵਿਹੜੇ ਵਿੱਚ 5 ਅਕਤੂਬਰ ਤੋਂ 16 ਅਕਤੂਬਰ, 2017 ਤੱਕ ਲਗਾਇਆ ਜਾਵੇਗਾ, ਜਿਸ ਵਿੱਚ ਕਈ ਸੂਬਿਆਂ ਦੇ ਕਲਾਕਾਰ, ਦਸਤਕਾਰ, ਵਪਾਰੀ ਅਤੇ ਹੁਨਰਮੰਦ ਲੋਕ ਹਿੱਸਾ ਲੈਣਗੇ।

ਅਡੀਸ਼ਨਲ ਡਿਪਟੀ ਕਮਿਸ਼ਨਰ ਤੇ ਮੇਲਾ ਅਫ਼ਸਰ ਸ੍ਰੀਮਤੀ ਸੁਰਭੀ ਮਲਿਕ ਨੇ ਦੱਸਿਆ ਕਿ ਇਸ ਮੇਲੇ ਵਿੱਚ 20 ਤੋਂ ਵਧੇਰੇ ਰਾਜਾਂ ਤੋਂ ਕਲਾਕਾਰ ਅਤੇ ਦਸਤਕਾਰ ਪਹੁੰਚਣ ਦੀ ਸੰਭਾਵਨਾ ਏ। ਮੇਲੇ ਵਿੱਚ 250 ਤੋਂ ਵਧੇਰੇ ਸਟਾਲਾਂ ਲਗਾਈਆਂ ਜਾਣਗੀਆਂ। ਜਿਨ੍ਹਾਂ ਵਿੱਚ 35-40 ਇਕੱਲੇ ਫੂਡ ਸਟਾਲ ਵੀ ਹੋਣਗੇ।

*****************************************************************